**ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਦੇ ਹੋਸਟਲਾਂ ਲਈ**

**ਲਾਂਡਰੀ ਸ਼ਾਪ ਦੀ ਅਲਾਟਮੈਂਟ ਸਬੰਧੀ ਫਾਰਮ/ਬਿਨੈ-ਪੱਤਰ**

1) ਬਿਨੈਕਾਰ ਦਾ ਨਾਮ : ________________________

2) ਪਿਤਾ ਦਾ ਨਾਮ : ________________________

3) ਉਮਰ : ________________________

4) ਘਰ ਦਾ ਪਤਾ : ________________________

________________________

________________________

5) ਮੋਬਾਇਲ/ਟੈਲੀਫੋਨ ਨੰ. : ________________________

6) ਆਧਾਰ ਕਾਰਡ ਨੰਬਰ : ________________________

7) ਕੈਂਪਸ ਦੇ ਕਿਹੜੇ ਹੋਸਟਲ ਦੀ ਲਾਂਡਰੀ ਸ਼ਾਪ ਲੈਣ ਦੇ ਚਾਹਵਾਨ ਹੋ?: ________________________

8) ਕਿੰਨੀ License Fee/Financial Bid ਭਰਨ ਲਈ ਤਿਆਰ ਹੋ ? : ________________________

ਬਿਨੈਕਾਰ ਦੀ ਫੋਟੋ

ਮੈਂ ਇਹ ਬਿਆਨ ਕਰਦਾ/ਕਰਦੀ ਹਾ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ Debar/Blacklist ਕੀਤਾ ਗਿਆ ਹੈ।

***ਬਿਨੈਕਾਰ ਦੇ ਹਸਤਾਖਰ***

## ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਦੇ ਹੋਸਟਲਾਂ ਲਈ ਲਾਂਡਰੀ ਸ਼ਾਪ ਦੀ ਅਲਾਟਮੈਂਟ ਲਈ ਬਿਨੈ-ਪੱਤਰ ਮੰਗਣ ਸਬੰਧੀ

ਮਿਤੀ : 25.07.2024

ਮਾਨਯੋਗ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਅਨੁਸਾਰ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਦੇ **ਲੜਕਿਆਂ ਦੇ ਹੋਸਟਲ**-1 ਅਤੇ **ਲੜਕਿਆਂ ਦੇ ਹੋਸਟਲ**-2 ਵਿਚ ਰਹਿ ਰਹੇ ਵਿਦਿਆਰਥੀਆਂ ਦੀ ਸਹੂਲਤ ਲਈ **ਲਾਂਡਰੀ ਸ਼ਾਪ** ਦੀ ਅਲਾਟਮੈਂਟ ਲਈ ਬਿਨੈ-ਪੱਤਰ ਚਾਹਵਾਨ ਬਿਨੈਕਾਰਾਂ ਕੋਲੋਂ ਮਿਤੀ 09.08.2024 ਤੱਕ ਮੰਗੇ ਜਾਂਦੇ ਹਨ। ਫਾਰਮ ਅਤੇ ਵੇਰਵੇ ਲਈ ਸਬੰਧਤ ਹੋਸਟਲ ਦਫਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਸਹੀ/-**
**ਡੀਨ ਵਿਦਿਆਰਥੀ ਭਲਾਈ**

# ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਦੇ ਹੋਸਟਲਾਂ ਲਈ ਲਾਂਡਰੀ ਸ਼ਾਪ ਦੀ ਅਲਾਟਮੈਂਟ ਸਬੰਧੀ ਸ਼ਰਤਾਂ ਅਤੇ ਵੇਰਵਾ

1. ਚਾਹਵਾਨ ਬਿਨੈਕਾਰ ਲਾਂਡਰੀ ਸ਼ਾਪ ਅਪਲਾਈ ਕਰਨ ਲਈ ਫਾਰਮ ਹੋਸਟਲ ਦੇ ਦਫਤਰ ਜਾਂ ਯੂਨੀਵਰਸਿਟੀ ਵੈਬਸਾਈਟ ਤੋਂ ਅਪਲੋਡ ਕਰ ਸਕਦੇ ਹਨ। ਫਾਰਮ ਦੇ ਨਾਲ ਆਧਾਰ ਕਾਰਡ ਦੀ ਕਾਪੀ ਲਗਾ ਕੇ ਸੀਲਡ ਲਿਫਾਫੇ ਵਿਚ ਡੀਨ ਵਿਦਿਆਰਥੀ ਭਲਾਈ ਦਫਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪਤੇ ਤੇ ਰਜਿਸਟਰਡ ਪੋਸਟ ਰਾਹੀਂ ਭੇਜਿਆ ਜਾਵੇ।ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਬਿਨੈ-ਪੱਤਰ ਵਿਚਾਰੇ ਨਹੀਂ ਜਾਣਗੇ।
2. ਇਹ ਅਲਾਟਮੈਂਟ ਸੈਸ਼ਨ 2024-25 ਲਈ ਅਲਾਟਮੈਂਟ ਦੀ ਮਿਤੀ ਤੋਂ 30.06.2025 ਤੱਕ ਪ੍ਰਤੀ ਮਹੀਨਾ ਬਣਦੇ ਕਿਰਾਏ ਤੋਂ ਇਲਾਵਾ **300/- ਰੁਪਏ** ਪ੍ਰਤੀ ਮਹੀਨਾ ਪਾਣੀ ਦਾ ਬਿੱਲ ਅਤੇ ਨਿਯਮਾਂ ਅਨੁਸਾਰ ਖਪਤ ਮੁਤਾਬਿਕ ਬਿਜਲੀ ਦਾ ਬਿੱਲ, ਨਿਯਮਾਂ ਅਨੁਸਾਰ **GST** ਅਤੇ ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਵੱਖਰੇ ਦੇ ਆਧਾਰ ਤੇ ਕੀਤੀ ਜਾਵੇਗੀ।
3. ਬਿਨੈਕਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਆਪਣੇ ਮੋਬਾਇਲ ਨੰਬਰ ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਊ ਸਬੰਧੀ ਦਫਤਰ ਵੱਲੋਂ ਮੋਬਾਇਲ ਕਾਲ, SMS ਅਤੇ ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਊ ਰਹਿ ਜਾਂਦੀ ਹੈ ਤਾਂ ਉਸ ਦੀ ਜਿੰਮਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ।
4. ਕਿਸੇ ਵੀ ਬਿਨੈ-ਪੱਤਰ ਨੂੰ ਬਿਨ੍ਹਾਂ ਕੋਈ ਕਾਰਨ ਦੱਸੇ ਰੱਦ ਕਰਨ ਦੇ ਅਧਿਕਾਰ ਕਮੇਟੀ ਪਾਸ ਰਾਖਵੇਂ ਹੋਣਗੇ।
5. ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਨਿਰਧਾਰਿਤ ਮਿਤੀ ਤੋਂ ਪਹਿਲਾਂ ਲਾਂਡਰੀ ਸ਼ਾਪ ਛੱਡਣੀ ਚਾਹੇ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 ਮਹੀਨੇ ਦਾ ਅਗਾਊਂ ਨੋਟਿਸ ਦੇਣਾ ਜਰੂਰੀ ਹੋਵੇਗਾ।
6. ਬਿਜਲੀ ਅਤੇ ਪਾਣੀ ਦੀ ਸਪਲਾਈ ਯੂਨੀਵਰਸਿਟੀ ਵੱਲੋਂ ਕੀਤੀ ਜਾਵੇਗੀ ਪਰੰਤੂ ਬਿਜਲੀ ਦੇ ਮੀਟਰ ਠੇਕੇਦਾਰ ਵੱਲੋਂ ਆਪਣੇ ਪੱਧਰ ਤੇ ਲਗਵਾਏ ਜਾਣਗੇ ਅਤੇ ਇਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਵੀ ਠੇਕੇਦਾਰ ਵੱਲੋਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਆਪਣੇ ਪੱਧਰ ਤੇ ਕੀਤੀ ਜਾਵੇਗੀ।
7. ਲਾਂਡਰੀ ਸ਼ਾਪ ਵਿਚ ਕੱਪੜੇ ਪ੍ਰੈੱਸ ਕਰਨ ਲਈ ਕੋਲੇ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ।
8. ਠੇਕੇਦਾਰ ਨੂੰ ਲਾਂਡਰੀ ਸ਼ਾਪ ਅੱਗੇ Sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।

ਸਹੀ/-

ਡੀਨ ਵਿਦਿਆਰਥੀ ਭਲਾਈ